ਵਿਸ਼ਾ:- ਐਸ.ਡੀ.ਆਈ. ਸਕੀਮ ਅਧੀਨ ਦਾਖਲਾ ਕਰਨ ਲਈ ਵੀ.ਟੀ.ਪੀਜ ਲਈ ਹਦਾਇਤਾ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਦੱਸਿਆ ਜਾਦਾ ਹੈ ਕਿ ਐਸ.ਡੀ.ਆਈ. ਸਕੀਮ ਅਧੀਨ ਦਾਖਲਾ ਕਰਨ ਲਈ ਹੇਠ ਲਿਖੇ ਅਨੁਸਾਰ ਹਦਾਇਤਾ ਦੀ ਪਾਲਣਾ ਕੀਤੀ ਜਾਵੇ:

1. ਸਾਲ 2010-11 ਲਈ ਸਰਕਾਰੀ ਅਤੇ ਪ੍ਰਾਈਵੇਟ ਵੀ.ਟੀ.ਪੀਜ਼ ਲਈ ਐਕਸ਼ਨ ਪਲਾਨ ਬਣਾ ਕੇ ਵਿਭਾਗ ਦੀ ਵੈਬ ਸਾਇਟ ਅਪ ਲੋਡ ਕੀਤਾ ਹੋਇਆ ਹੈ।ਸਾਰੇ ਵੀ.ਟੀ.ਪੀਜ਼ ਦਾਖਲਾ ਕੇਵਲ ਅਤੇ ਕੇਵਲ ਇਸ ਐਕਸ਼ਨ ਪਲਾਨ ਵਿੱਚ ਦਰਸਾਏ ਕੋਰਸਾ ਵਿੱਚੋ ਹੀ ਕਰਨਗੇ।ਇਹ ਐਕਸਨ ਪਲਾਨ ਵਿਭਾਗ ਦੀ ਵੈਬ ਸਾਇਟ www.dtepunjab.gov.in ਤੇ ਜਾ ਕੇ SDI/MES (IT Wing) ਲਿੰਕ ਤੋਂ ਐਕਸਨ ਪਲਾਨ ਦੀਆ ਫਾਇਲਾ ਤੇ ਵੇਖਿਆ ਜਾ ਸਕਦਾ ਹੈ।
2. ਇਸ ਐਕਸ਼ਨ ਪਲਾਨ ਵਿੱਚੋ ਵੀ ਸਿਰਫ ਉਨ੍ਹਾਂ ਕੋਰਸਾ ਲਈ ਹੀ ਦਾਖਲਾ ਕੀਤਾ ਜਾਵੇ ਜਿੰਨਾ ਵਿੱਚ ਟ੍ਰੇਨਿੰਗ ਕਰਨ ਤੋ ਬਾਅਦ ਸਿਖਿਆਰਥੀਆਂ ਦੀ ਪਲੇਸਮੈਂਟ ਯਕੀਨੀ ਬਣਾਈ ਜਾ ਸਕੇ।ਕਿਉਕਿ ਡੀ.ਜੀ.ਈ.ਐਂਡ ਟੀ., ਨਵੀਂ ਦਿੱਲੀ ਵਲੋ ਪਲੇਸਮੈਂਟ ਉੱਤੇ ਬਹੁਤ ਜ਼ੋਰ ਦਿੱਤਾ ਜਾ ਰਿਹਾ ਹੈ।
3. ਡੀ.ਜੀ.ਈ.ਐਂਡ ਟੀ., ਨਵੀਂ ਦਿੱਲੀ ਵਲੋ ਐਸ.ਡੀ.ਆਈ ਸਕੀਮ ਸਬੰਧੀ ਨਵਾਂ Implementation Manual (ਗਾਈਡ ਲਾਇਨਜ਼) ਉਨ੍ਹਾਂ ਦੀ ਵੈਬ ਸਾਇਟ www.dget.nic.in/mes ਤੇ ਅਪ ਲੋਡ ਕੀਤਾ ਗਿਆ ਹੈ।ਇਸ ਮੈਨੂਅਲ ਨੂੰ ਡਾਊਨ ਲੋਡ ਕਰਕੇ ਹਦਾਇਤਾ ਦੀ ਪਾਲਣਾ ਯਕੀਨੀ ਬਣਾਈ ਜਾਵੇ।
4. ਐਸ .ਡੀ.ਆਈ ਸਕੀਮ ਅਧੀਨ ਬਹੁਤ ਸਾਰੇ ਸੈਕਟਰਾਂ ਵਿੱਚ ਅੱਲਗ ਅਲੱਗ ਲੈਵਲਾਂ ਦੇ ਕੋਰਸ ਹਨ ਜਿਵੇ ਪਹਿਲਾ ਲੈਵਲ, ਦੂਜਾ ਲੈਵਲ ਅਤੇ ਤੀਜਾ ਲੈਵਲ। ਦੂਜੇ ਲੈਵਲ ਦੇ ਕੋਰਸਾਂ ਵਿਚ ਦਾਖਲੇ ਵਾਸਤੇ ਪਹਿਲੇ ਲੈਵਲ ਦੇ ਕੋਰਸਾਂ ਦਾ ਪਾਸ ਕੀਤਾ ਹੋਣਾ ਜਰੂਰੀ ਹੈ ਅਤੇ ਇਸੇ ਤਰਾਂ ਤੀਜੇ ਲੈਵਲ ਦੇ ਕੋਰਸਾਂ ਵਾਸਤੇ ਦੂਜੇ ਲੈਵਲ ਦੇ ਕੋਰਸਾਂ ਦਾ ਪਾਸ ਹੋਣਾ ਜਰੂਰੀ ਹੈ। ਇਸ ਲਈ ਦਾਖਲਾ ਕਰਨ ਤੋ ਪਹਿਲਾ ਉਪਰੋਕਤ ਅਨੁਸਾਰ ਸਿਖਿਆਰਥੀ ਦੀ ਯੋਗਤਾ ਜਰੂਰ ਚੈਕ ਕਰ ਲਈ ਜਾਵੇ। ਕਿਸੇ ਕੋਰਸ ਵਿਚ ਦਾਖਲੇ ਵਾਸਤੇ ਮੁੱਢਲੀ ਯੋਗਤਾ ਅਤੇ ਜ਼ੋ ਕੋਰਸ ਪਹਿਲਾ ਪਾਸ ਕੀਤਾ ਹੋਣਾ ਜਰੂਰੀ ਹੈ, ਉਸ ਦੀ ਜਾਣਕਾਰੀ www.dget.nic.in/mes/annex4.pdf ਤੋਂ ਡਾਊਨਲੋਡ ਕਰ ਲਈ ਜਾਵੇ।

   ਜਿਨ੍ਹਾਂ ਸਿਖਿਆਰਥੀਆਂ ਨੇ ਸਬੰਧਤ ਟ੍ਰੇਡ ਵਿੱਚ ਐਨ.ਟੀ.ਸੀ,ਐਨ.ਏ.ਸੀ,ਡਿਗਰੀ ਜਾਂ ਡਿਪਲੋਮਾ ਕੀਤਾ ਹੋਵੇ ਊਨ੍ਹਾਂ ਨੂੰ ਪਹਿਲੇ ਲੈਵਲ ਦੇ ਕੋਰਸ ਤੋ ਛੋਟ ਦਿੱਤੀ ਜਾਵੇ।ਇਸ ਤੋ ਇਲਾਵਾ ਜ਼ੋ ਉਮੀਦਵਾਰ ਕੋਲ ਘੱਟੋ ਘੱਟ ਯੋਗਤਾ ਦੇ ਨਾਲ ਤਿੰਨ ਸਾਲ ਦਾ ਤਜਰਬਾ ਰੱਖਦੇ ਹੋਣ ਊਨ੍ਹਾਂ ਨੂੰ ਵੀ ਪਹਿਲੇ ਲੈਵਲ ਦੇ ਕੋਰਸ ਤੋ ਛੋਟ ਦਿੱਤੀ ਜਾਵੇ।
5. ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਤੋ ਇਲਾਵਾ ਬਾਕੀ ਵੀ.ਟੀ.ਪੀਜ਼ ਲਈ ਦਾਖਲੇ ਦਾ ਸਥਾਨ ਸਬੰਧਿਤ ਨੋਡਲ ਉਦਯੋਗਿਕ ਸਿਖਲਾਈ ਸੰਸਥਾ ਹੋਵੇਗੀ।
6. ਹਰੇਕ ਵੀ.ਟੀ.ਪੀ.ਸਿਖਿਆਰਥੀਆ ਤੋ ਹੇਠ ਲਿਖੇ ਅਨੁਸਾਰ ਟਰੇਨਿੰਗ ਫੀਸ ਲਵੇਗੀ:

| | |
|---|---|
| 90 ਘੰਟੇ ਤੱਕ ਦੇ ਕੋਰਸ ਲਈ | 500/- ਰੁ: |
| 91 ਤੋ 180 ਘੰਟੇ ਤੱਕ ਦੇ ਕੋਰਸ ਲਈ | 1000/- ਰੁ: |
| 181 ਤੋ 270 ਘੰਟੇ ਤੱਕ ਦੇ ਕੋਰਸ ਲਈ | 1500/- ਰੁ: |
| 270 ਘੰਟੇ ਤੋ ਉਪਰ ਦੇ ਕੋਰਸ ਲਈ | 2000/- ਰੁ: |

7. ਐਸ.ਸੀ/ਐਸ.ਟੀ. ਜਾਤੀ, ਇਸਤਰੀ ਉਮੀਦਵਾਰਾ ਅਤੇ ਹੈਂਡੀਕੈਪਡ ਉਮੀਦਵਾਰਾਂ ਨੂੰ ਟਰੇਨਿੰਗ ਫੀਸ ਵਿਚ 25% ਛੂਟ ਦਿਤੀ ਜਾਵੇ।ਵੀ.ਟੀ.ਪੀ. ਦਾ ਮੁੱਖੀ ਇਹ ਯਕੀਨੀ ਬਣਾਏਗਾ ਕਿ ਪਾਸ ਹੋਣ ਵਾਲੇ ਸਿਖਿਆਰਥੀਆ ਨੂੰ ਇਹ ਟਰੇਨਿੰਗ ਫੀਸ ਵਾਪਿਸ ਕਰ ਦਿਤੀ ਜਾਵੇ।

8. ਸਫਲਤਾ ਪੂਰਵਕ ਪਾਸ ਹੋਣ ਵਾਲੇ ਸਿਖਿਆਰਥੀਆ ਲਈ, ਡੀ.ਜੀ.ਈ. ਐਂਡ ਟੀ ਭਾਰਤ ਸਰਕਾਰ, ਵੱਲੋ 15 ਰੁ: ਪ੍ਰਤੀ ਘੰਟਾ ਪ੍ਰਤੀ ਸਿਖਿਆਰਥੀ ਟਰੇਨਿੰਗ ਚਾਰਜਿਜ, ਵੀ.ਟੀ.ਪੀ ਨੂੰ ਸਟੇਟ ਡਾਇਰੈਕਟੋਰੇਟ/ ਐਸ.ਡੀ.ਆਈ.ਸੈਲ ਰਾਹੀ ਰੀਇੰਮਬਰਸ ਕਰਨ ਦਾ ਉਪਬੰਧ ਹੈ।

9. ਦਾਖਲੇ ਵਾਸਤੇ ਫਾਰਮ www.dget.nic.in/mes/forms.htm ਤੋ ਡਾਉਨਲੋਡ ਕਰ ਲਿਆ ਜਾਵੇ, ਅਤੇ ਇਸ ਦੀਆਂ ਫੋਟੋ ਕਾਪੀਆਂ ਕਰਵਾਕੇ, ਦਾਖਲਾ ਲੈਣ ਵਾਲੇ ਉਮੀਦਵਾਰਾਂ ਨੂੰ ਮੁਫਤ ਉਪਲੱਭਦ ਕਰਵਾਇਆ ਜਾਵੇ।

10. ਮੈਨੂਫੈਕਚਰਿੰਗ ਸੈਕਟਰਾਂ ਲਈ ਇਕ ਬੈਚ ਵੱਧ ਤੋ ਵੱਧ 20 ਸਿਖਿਆਰਥੀ ਹੋਣਗੇ ਅਤੇ ਬਾਕੀ ਸੈਕਟਰਾ ਲਈ ਇਕ ਬੈਚ ਵਿਚ ਵੱਧ ਤੋ ਵੱਧ 30 ਸਿਖਿਆਰਥੀ ਹੋਣਗੇ। ਵੀ.ਟੀ.ਪੀ ਸਕੀਮ ਅਧੀਨ ਪ੍ਰਾਈਵੇਟ ਵੀ.ਟੀ.ਪੀਜ ਦਾ ਦਾਖਲਾ ਜਿਲ੍ਹੇ ਵਾਇਜ ਨੋਡਲ ਸੰਸਥਾਵਾਂ ਵਿਖੇ ਕੀਤਾ ਜਾਵੇਗਾ। ਦਾਖਲਾ ਮਿਥੀ ਮਿਤੀ ਨੂੰ ਨੋਡਲ ਸੰਸਥਾਵਾਂ ਦੇ ਪ੍ਰਿੰਸੀਪਲ ਦੀ ਚੇਅਰਮੈਨਸ਼ਿਪ ਅਧੀਨ ਦਾਖਲਾ ਕਮੇਟੀ ਵਲੋ ਕੀਤਾ ਜਾਵੇਗਾ।ਹਰ ਇਕ ਸੰਸਥਾ/ਕੇਂਦਰ ਦਾ ਮੁੱਖੀ ਦਾਖਲਾ ਕਮੇਟੀ ਦਾ ਮੈਂਬਰ ਹੋਵੇਗਾ।ਦਾਖਲੇ ਲਈ ਥਾਂ/ਸਹੂਲਤਾਂ ਸਰਕਾਰੀ ਨੋਡਲ ਸੰਸਥਾਵਾਂ ਵਲੋ ਮਹੱਈਆ ਕਰਵਾਈਆਂ ਜਾਣਗੀਆਂ।ਨੋਡਲ ਸੰਸਥਾ ਸਾਰੇ ਵੀ.ਟੀ.ਪੀਜ਼ ਵਾਸਤੇ ਸਾਂਝੀ ਮੈਰਿਟ ਲਿਸਟ ਬਣਾ ਕੇ ਡਿਸਪਲੇ ਕਰੇਗੀ ਅਤੇ ਦਾਖਲਾ ਸਾਝੀ ਮੈਰਿਟ ਅਨੁਸਾਰ ਸਿਖਿਆਰਥੀਆ ਦੀ ਮੰਗ ਅਨੁਸਾਰ ਸਬੰਧਤ ਵੀ.ਟੀ.ਪੀਜ ਸੈਂਟਰ ਵਿਚ ਦਾਖਲਾ ਕੀਤਾ ਜਾਵੇਗਾ ਅਤੇ ਦਾਖਲੇ ਸਬੰਧੀ ਕੋਈ ਵੀ ਸ਼ਿਕਾਇਤ ਸਬੰਧਤ ਨੋਡਲ ਸੰਸਥਾ ਨੂੰ ਕੀਤੀ ਜਾ ਸਕਦੀ ਹੈ। ਦਾਖਲਾ ਚੋਣ ਕਮੇਟੀ ਹੇਠ ਅਨੁਸਾਰ ਹੋਵੇਗੀ:

| | | |
|---|---|---|
| I. | ਨੋਡਲ ਸੰਸਥਾ ਦਾ ਮੁੱਖੀ | ਚੇਅਰਮੈਨ |
| II. | ਸਬੰਧਤ ਸੰਸਥਾਵਾਂ/ਕੇਂਦਰਾਂ ਦੇ ਮੁੱਖੀ | ਮੈਂਬਰ |
| III. | ਨੋਡਲ ਆਈ.ਟੀ.ਆਈ. ਦੀ ਆਈ.ਐਮ.ਸੀ. ਦਾ ਚੇਅਰਮੈਨ/ਉਦਯੋਗ ਦਾ ਨੁਮਾਇੰਦਾ। | ਮੈਂਬਰ |
| IV. | ਸੀਨੀਅਰ ਗਰੁੱਪ ਇੰਸਟਰਕਟਰ | ਮੈਂਬਰ |
| V. | ਕੈਸ਼ੀਅਰ/ਅਕਾਊਟੈਂਟ | ਮੈਂਬਰ |

ਮਿਥੀ ਮਿਤੀ ਨੂੰ ਇਕੋ ਕਾਊਂਸਲਿੰਗ ਵਿੱਚ ਦਾਖਲਾ ਕਰਨ ਉਪਰੰਤ ਦਾਖਲੇ ਦੀਆਂ ਲਿਸਟਾਂ ਮੁੱਖ ਦਫਤਰ ਨੂੰ ਹਫਤੇ ਦੇ ਵਿੱਚ-ਵਿਚ ਈ-ਮੇਲ ਰਾਹੀ ਸੰਸਥਾ ਵਾਇਜ਼/ਕੇਂਦਰ ਵਾਇਜ਼ ਅਤੇ ਕੋਰਸ ਵਾਇਜ ਭੇਜੀਆ ਜਾਣਗੀਆਂ ਤਾਂ ਜ਼ੋ ਮੁੱਖ ਦਫਤਰ ਵਲੋ ਟ੍ਰੇਨਿੰਗ ਬੈਚ ਨੰਬਰ ਅਲਾਟ ਕੀਤਾ ਜਾ ਸਕੇ।ਜੇਕਰ ਇਸ ਵਿਚ ਨੋਡਲ ਆਈ.ਟੀ.ਆਈਜ਼ ਵੱਲੋ ਦੇਰੀ ਕੀਤੀ ਜਾਦੀ ਹੈ ਤਾਂ ਬੈਂਚ ਨੰਬਰ ਨਾ ਅਲਾਟ ਕਰਨ ਦੀ ਜਿਮੇਵਾਰੀ ਨੋਡਲ ਆਈ.ਟੀ.ਆਈ ਦੀ ਹੋਵੇਗੀ। ਇਸ ਤਰ੍ਹਾਂ ਦਾਖਲ ਕੀਤੇ ਸਿਖਿਆਰਥੀਆ ਦੀ ਰੀਇੰਮਬਰਸਮੈਟ ਵੀ ਰੋਕੀ ਜਾਵੇਗੀ।

11. ਇਕ ਵਾਰ ਬੈਚ ਸੁਰੂ ਹੋਣ ਤੋ ਬਾਅਦ ਉਸ ਬੈਚ ਵਿਚ ਹੋਰ ਕੋਈ ਸਿਖਿਆਰਥੀ ਦਾਖਲ ਨਹੀਂ ਕੀਤਾ ਜਾਵੇਗਾ।

12. ਜੇਕਰ ਕਿਸੇ ਕੋਰਸ਼ ਲਈ ਵੱਧ ਉਮੀਦਵਾਰ ਅਪਲਾਈ ਕਰਦੇ ਹਨ ਤਾ ਦਾਖਲੇ ਵਿੱਚ ਰਿਜਰਵੇਸ਼ਨ ਪੰਜਾਬ ਸਰਕਾਰ ਵਲੋ ਨਿਰਧਾਰਤ ਰਿਜ਼ਰਵੇਸ਼ਨ ਪਾਲਸੀ ਅਨੁਸਾਰ ਹੋਵੇਗੀ।
ਰਿਜਰਵ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਆਪਣੀ ਸੀਟ ਦੇ ਕਲੇਮ ਸਬੰਧੀ ਸਮਰੱਥ ਅਧਿਕਾਰੀ ਤੋ ਜਾਰੀ ਕੀਤਾ ਅਸਲ ਸਰਟੀਫਿਕੇਟ ਲੈ ਕੇ ਆਉਣਗੇ। ਅਜਿਹਾ ਸਬੂਤ਼ ਪੇਸ਼ ਨਾ ਕਰਨ ਦੀ ਸੂਰਤ ਵਿੱਚ ਉਸ ਨੂੰ ਰਿਜਰਵ ਕੈਟਾਗਰੀ ਵਿੱਚ ਨਹੀ ਵਿਚਾਰਿਆ ਜਾਵੇਗਾ।

13. ਟਰੇਨਿੰਗ ਦਾ ਸਮਾ, ਉਪਲੱਬਧ ਸਾਜੋ ਸਮਾਨ ਅਤੇ ਸਿਖਿਆਰਥੀਆ ਦੀ ਸਹੂਲਤ ਅਨੁਸਾਰ, ਕੋਈ ਵੀ ਰੱਖਿਆ ਜਾ ਸਕਦਾ ਹੈ ਪ੍ਰੰਤੂ ਇਹ ਵੀ.ਟੀ.ਪੀ. ਦੇ ਰੈਗੂਲਰ ਸਮੇ ਨਾਲ ਨਹੀ ਟਕਰਾਉਣਾ ਚਾਹੀਦਾ।ਜੋ ਸਮਾਂ ਰੱਖਿਆ ਜਾਵੇਗਾ ਉਹ ਕੋਰਸ਼ ਸੁਰੂ ਹੋਣ ਤੋ ਪਹਿਲਾ ਨੋਡਲ ਆਈ.ਟੀ.ਆਈ ਅਤੇ ਐਸ ਡੀ ਆਈ ਸੈਲ ਨੂੰ ਈ-ਮੇਲ

ਰਾਹੀਂ ਸੂਚਿਤ ਕੀਤਾ ਜਾਵੇਗਾ।

14. ਸਿਖਿਆਰਥੀਆ ਦੀ ਅਸੈਸਮੈਟ ਡੀ.ਜੀ.ਈ.ਐਡ ਟੀ. ਵੱਲੋ ਪ੍ਰਵਾਨਿਤ ਇੰਡੀਪੈਡਿਟ ਅਸੈਸਇੰਗ ਬਾਡੀਜ ਦੁਆਰਾ ਕੀਤੀ ਜਾਵੇਗੀ। ਦਾਖਲਾ ਕਰਨ ਤੋ ਹਫਤੇ ਦੇ ਅੰਦਰ ਅੰਦਰ ਆਰ.ਡੀ.ਏ.ਟੀ ਫਰੀਦਾਬਾਦ ਨੂੰ ਅਸੈਸਇੰਗ ਬਾਡੀ ਅਲਾਟ ਕਰਨ ਲਈ ਐਸ.ਡੀ.ਆਈ. ਸੈਲ ਰਾਹੀ ਪਹੁੰਚ ਕੀਤੀ ਜਾਵੇ। ਅਸੈਸਮੈਟ ਵਾਸਤੇ ਅਸੈਸਇੰਗ ਬਾਡੀ ਨੂੰ ਪੂਰਾ ਸਹਿਯੋਗ ਦਿਤਾ ਜਾਵੇਗਾ। ਅਸੈਸਇੰਗ ਬਾਡੀਜ ਦੀ ਲਿਸਟ www.dget.nic.in/mes ਤੋ ਡਾਊਨ ਲੋਡ ਕੀਤੀ ਜਾ ਸਕਦੀ ਹੈ।

15. ਵੀ.ਟੀ.ਪੀ. ਕੇਵਲ ਉਹਨਾਂ ਕੋਰਸਾਂ ਵਿਚ ਹੀ ਦਾਖਲਾ ਕਰਨਗੇ ਜਿਹਨਾਂ ਦੀ ਟਰੇਨਿੰਗ ਕਰਵਾਉਣ ਲਈ ਉਹਨਾਂ ਕੋਲ ਪੂਰਾ ਇੰਨਫਰਾਸਟਰਕਚਰ/ਫਕੈਲਟੀ ਦਾ ਪ੍ਰਬੰਧ ਹੋਵੇਗਾ, ਭਾਵੇ ਅਪਰੂਵਲ ਵੱਧ ਕੋਰਸਾ ਦੀ ਹੋਵੇ।ਇਕ ਸਮੇ ਉਤਨੇ ਹੀ ਸਿਖਿਅਰਥੀ ਦਾਖਲ ਕੀਤੇ ਜਾਣ ਜਿੰਨੇ ਰੈਗੂਲਰ ਕੋਰਸਾ ਵਿਚ ਦਾਖਲ ਹਨ ਭਾਵ ਐਸ.ਡੀ.ਆਈ ਸਕੀਮ ਅਧੀਨ ਦਾਖਲ ਸਿਖਿਆਰਥੀਆਂ ਦੀ ਗਿਣਤੀ ਕਿਸੇ ਵੀ ਸਮੇਂ, ਰੈਗੂਲਰ ਸਿਖਿਆਰਥੀਆਂ ਦੀ ਗਿਣਤੀ ਤੋ ਨਹੀਂ ਵੱਧੇਗੀ।

16. ਉਪਰੋਕਤ ਹਦਾਇਤਾਂ ਵਿਚ ਰੱਦੋਬਦਲ ਮੁੱਖ ਦਫਤਰ ਵੱਲੋ ਕਿਸੇ ਵੀ ਸਮੇ ਕੀਤਾ ਜਾ ਸਕਦਾ ਹੈ ਅਤੇ ਵਿਭਾਗ ਦੀ ਵੈਬ ਸਾਇਟ www.dtepunjab.gov.in ਨੂੰ ਵੀ ਸਮੇਂ ਸਮੇਂ ਚੈਕ ਕੀਤੀ ਜਾਵੇ ਤਾਂ ਜ਼ੋ ਵੀ.ਟੀ.ਪੀ ਨਾਲ ਸਬੰਧਤ ਤਾਜਾ ਜਾਣਕਾਰੀ ਆਪ ਨੂੰ ਮਿਲ ਸਕੇ।

17. ਸਾਰੇ ਉਮੀਦਵਾਰਾ ਦਾਖਲੇ ਵਾਲੇ ਦਿਨ ਆਪਣੀਆਂ ਯੋਗਤਾਵਾਂ ਦੇ ਅਸਲ ਸਰਟੀਫਿਕੇਟ ਨਾਲ ਲਿਆਉਣਗੇ।

18. ਨਿਰਧਾਰਤ ਮਿਤੀ ਨੂੰ ਸਵੇਰੇ 9.00 ਵਜੇ ਤੋ 11.00 ਵਜੇ ਤੱਕ ਉਮੀਦਵਾਰਾ ਵੱਲੋ ਹਾਜ਼ਰੀ ਲਗਾਈ ਜਾਵੇਗੀ।ਸਾਰੇ ਉਮੀਦਵਾਰ ਇੰਟਰਵਿਊ ਵਾਲੇ ਦਿਨ ਸਵੇਰੇ 11.00 ਵਜੇ ਸਿਲੈਕਸ਼ਨ ਕਮੇਟੀ ਸਾਹਮਣੇ ਪੇਸ਼ ਹੋਣਗੇ।ਜਿਹੜਾ ਉਮੀਦਵਾਰ ਦਾਖਲਾ ਚੋਣ ਕਮੇਟੀ ਸਾਹਮਣੇ ਪੇਸ਼ ਨਹੀ ਹੋਵੇਗਾ,ਉਸਨੂੰ ਦਾਖਲਾ ਨਹੀ ਦਿੱਤਾ ਜਾਵੇਗਾ।

19. ਜੇਕਰ ਕੋਈ ਉਮੀਦਵਾਰ ਦਾਖਲਾ ਫਾਰਮ ਦੇਣ ਸਮੇਂ ਆਪਣੀ ਕੈਟਾਗਰੀ ਦਾ ਸਬੂਤ ਨੱਥੀ ਨਹੀ ਕਰੇਗਾ ਤਾਂ ਉਸ ਦਾ ਨਾਮ ਜਨਰਲ ਕੈਟਾਗਰੀ ਵਿੱਚ ਵਿਚਾਰਿਆ ਜਾਵੇਗਾ ਅਤੇ ਬਾਅਦ ਵਿੱਚ ਅਦਲਾ ਬਦਲੀ ਨਹੀ ਹੋਵੇਗੀ।

20. ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 2/12/2005-2 ਟੀਈ(1) 980 ਮਿਤੀ 23-6-05 ਅਨੁਸਾਰ ਦੂਜੇ ਰਾਜਾ ਦੇ ਵਸਨੀਕ ਉਮੀਦਵਾਰਾ ਲਈ 15% ਸੀਟਾ ਨਿਰੋਲ ਮੈਰਿਟ ਤੇ ਜਨਰਲ ਕੈਟਾਗਰੀ ਵਿੱਚੋ ਉਪਲੱਭਧ ਹੋਣਗੀਆਂ।ਕਿਸੇ ਵੀ ਹਾਲਤ ਵਿੱਚ ਇਹ ਸੀਟਾ ਨਿਰਧਾਰਤ ਸੀਟਾ ਤੋ ਵੱਧ ਨਹੀ ਭਰੀਆਂ ਜਾਣਗੀਆਂ ।

21. ਵੀ.ਟੀ.ਪੀ. ਵਿੱਚ ਦਾਖਲੇ ਲਈ ਉਪਲਬੱਧ ਸੀਟਾ (ਐਕਸ਼ਨ ਪਲਾਨ ਅਨੁਸਾਰ) ਸਬੰਧੀ ਜਾਣਕਾਰੀ ਨੋਟਿਸ ਬੋਰਡ ਤੇ ਡਿਸਪਲੇ ਕੀਤੀ ਜਾਵੇ।ਵਿਭਾਗ ਕਿਸੇ ਵੀ ਸਮੇ ਕਿਸੇ ਵੀ ਵੀ.ਟੀ.ਪੀ. ਵਿਖੇ,ਕਿਸੇ ਵੀ ਕੋਰਸ ਦਾ ਦਾਖਲਾ ਰੋਕ ਸਕਦਾ ਹੈ।

22. ਜਿਹੜਾ ਉਮੀਦਵਾਰ ਰਿਜਰਵ ਕੈਟਾਗਰੀ (ਐਸ.ਸੀ/ਬੀ.ਸੀ) ਨਾਲ ਸਬੰਧਤ ਹੈ ਉਹ ਜਨਰਲ ਕੈਟਾਗਰੀ ਦੀ ਇੰਟਰਵਿਊ ਦੀ ਮਿਤੀ ਵਾਲੇ ਦਿਨ ਵੀ ਦਾਖਲਾ ਲੈ ਸਕਦਾ ਹੈ।ਜੇਕਰ ਉਸ ਦਿਨ ਜਨਰਲ ਕੈਟਾਗਰੀ ਅਧੀਨ ਦਾਖਲਾ ਨਹੀ ਮਿਲਦਾ ਤਾਂ ਉਹ ਰਿਜਰਵ ਕੈਟਾਗਰੀ ਦੇ ਉਮੀਦਵਾਰ ਵਜੋ ਇੰਟਰਵਿਊ ਦੇ ਸਕਦਾ ਹੈ।ਸਾਰੀਆਂ ਸਰਕਾਰੀ ਅਤੇ ਗੈਰ ਸਰਕਾਰੀ ਸੰਸਥਾਵਾਂ ਦੇ ਮੁੱਖੀ ਇਸ ਅਨੁਸਾਰ ਜਨਰਲ ਕੈਟਾਗਰੀ ਲਈ ਮੈਰਿਟ ਲਿਸਟ ਤਿਆਰ ਕਰਨਗੇ।ਜਿਸ ਵਿੱਚ ਰਿਜ਼ਰਵ ਕੈਟਾਗਰੀ(ਐਸ.ਸੀ/ਬੀ.ਸੀ) ਨਾਲ ਸਬੰਧਤ ਉਮੀਦਵਾਰ ਵੀ ਹੋਣਗੇ।ਦਾਖਲੇ ਦੇ ਆਖਰੀ ਦਿਨ ਖਾਲੀ ਰਹ ਗਈਆਂ ਰਿਜਰਵ ਸੀਟਾ ਜਨਰਲ ਪੂਲ ਵਿਚੋਂ ਭਰੀਆਂ ਜਾਣਗੀਆਂ।

23. ਉਮੀਦਵਾਰਾਂ ਵਲੋ ਇੰਟਰਵਿਊ ਲਈ ਨਿਸਚਿਤ ਮਿਤੀ ਨੂੰ ਅਪੀਅਰ ਨਾ ਹੋਣ ਤੇ ਉਹਨਾ ਦਾ ਦਾਖਲੇ ਲਈ ਕੋਈ ਕਲੇਮ ਨਹੀ ਹੋਵੇਗਾ।ਇਸ ਸਬੰਧੀ ਕਿਸੇ ਵੀ ਪੱਤਰ ਵਿਹਾਰ ਤੇ ਵਿਚਾਰ ਨਹੀ ਕੀਤਾ ਜਾਵੇਗਾ।